ਈਟੀਓ ਵੱਲੋਂ ਦੇਰੀ ਨਾਲ ਦਫ਼ਤਰ ਆਉਣ ਵਾਲੇ ਮੁਲਾਜ਼ਮਾਂ ਨੂੰ ਤਾੜਨਾ

ਲੋਕ ਨਿਰਮਾਣ ਦਫ਼ਤਰ ਦਾ ਅਚਨਚੇਤ ਦੌਰਾ ਕੀਤਾ; ਗੈਰਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਚਿਤਾਵਨੀ

ਜਗਮੋਹਨ ਸਿੰਘ

ਰੂਪਨਗਰ, 31 ਅਕਤੂਬਰ

ਲੋਕ ਨਿਰਮਾਣ ਤੇ ਊਰਜਾ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਸਥਾਨਕ ਲੋਕ ਨਿਰਮਾਣ ਦਫ਼ਤਰ ਦਾ ਅਚਨਚੇਤ ਦੌਰਾ ਕਰ ਕੇ ਦੇਰੀ ਨਾਲ ਆਉਣ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਤਾੜਨਾ ਕੀਤੀ। ਮਿਲੀ ਜਾਣਕਾਰੀ ਮੁਤਾਬਕ ਕੈਬਨਿਟ ਮੰਤਰੀ ਸਵੇਰੇ 9 ਵਜੇ ਲੋਕ ਨਿਰਮਾਣ ਦਫ਼ਤਰ ਪਹੁੰਚ ਗਏ ਸਨ। ਇਸ ਦੌਰਾਨ ਉਨ੍ਹਾਂ ਨੇ ਮੁਲਾਜ਼ਮਾਂ ਤੇ ਅਧਿਕਾਰੀਆਂ ਕੋਲੋਂ ਦੇਰੀ ਨਾਲ ਆਉਣ ਦੇ ਕਾਰਨ ਜਾਣੇ ਅਤੇ ਤਾੜਨਾ ਕੀਤੀ ਕਿ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਸੇਵਾ ਲਈ ਵਚਨਬੱਧ ਹੈ, ਇਸ ਲਈ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਗੈਰਜ਼ਿੰਮੇਵਾਰ ਅਧਿਕਾਰੀਆਂ ਅਤੇ ਮੁਲਾਜ਼ਮਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਉਪਰੰਤ ਹਰਭਜਨ ਈਟੀਓ ਨੇ ਪੀਡਬਲਿਊਡੀ ਦੇ ਰੈਸਟ ਹਾਊਸ ਵਿੱਚ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨਾਲ ਮੀਟਿੰਗ ਕਰ ਕੇ ਵਿਕਾਸ ਪ੍ਰਾਜੈਕਟਾਂ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਦੀਆਂ ਟਰੈਫਿਕ ਲਾਈਟਾਂ ਨਾ ਚੱਲਣ ਅਤੇ ਸਰਹਿੰਦ ਨਹਿਰ 'ਤੇ ਉਸਾਰੀ ਅਧੀਨ ਪੁਲ ਸਬੰਧੀ ਮੁਸ਼ਕਿਲਾਂ ਛੇਤੀ ਹੱਲ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੱਤ ਮਹੀਨਿਆਂ ਅੰਦਰ ਇਮਾਨਦਾਰੀ ਨਾਲ ਜਿੰਨਾ ਕੰਮ ਮਾਨ ਸਰਕਾਰ ਨੇ ਕੀਤਾ ਹੈ ਓਨਾ ਕੰਮ ਅੱਜ ਤੱਕ ਕਿਸੇ ਸਰਕਾਰ ਵੱਲੋਂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਸਰਕਾਰ ਵੱਲੋਂ ਅਣਥੱਕ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪੁਰਾਣੀ ਪੈਨਸ਼ਨ ਸਕੀਮ ਮੁੜ ਲਾਗੂ ਕਰਨ ਦਾ ਜੋ ਫੈਸਲਾ ਪੰਜਾਬ ਸਰਕਾਰ ਨੇ ਲਿਆ ਹੈ ਉਹ ਵੀ ਇਤਿਹਾਸਕ ਹੈ।

ਰੂਪਨਗਰ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਹਰਭਜਨ ਸਿੰਘ ਈਟੀਓ।

ਫੂਲਕਾ ਵੱਲੋਂ ਸਿੱਖ ਕਤਲੇਆਮ ਬਾਰੇ 'ਸੱਚਾਈ ਕਮਿਸ਼ਨ' ਕਾਇਮ ਕਰਨ ਦੀ ਮੰਗ

ਪੱਤਰ ਪ੍ਰੇਰਕ

ਨਵੀਂ ਦਿੱਲੀ, 31 ਅਕਤੂਬਰ

ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਿੱਖ ਕਤਲੇਆਮ ਪਿੱਛੇ ਰਚੀ ਗਈ ਸਾਜ਼ਿਸ਼ ਦਾ ਪਤਾ ਲਾਉਣ ਲਈ 'ਸਚਾਈ ਕਮਿਸ਼ਨ' ਬਣਾ ਕੇ ਜਾਂਚ ਕੀਤੀ ਜਾਵੇ ਕਿਉਂਕਿ ਇਸ ਕਤਲੇਆਮ ਨਾਲ ਜੁੜੇ ਤੱਥ ਅਜਿਹੇ ਸੰਕੇਤ ਕਰਦੇ ਹਨ ਕਿ ਇਸ ਸਬੰਧੀ ਪਹਿਲਾਂ ਹੀ ਸਾਜ਼ਿਸ਼ ਰਚੀ ਜਾ ਚੁੱਕੀ ਸੀ। ਉਨ੍ਹਾਂ ਇਸ ਸਬੰਧੀ ਜੀਬੀਐੱਸ ਸਿੱਧੂ ਦੀ ਲਿਖੀ ਕਿਤਾਬ ਦਾ ਹਵਾਲਾ ਵੀ ਦਿੱਤਾ। ਸ੍ਰੀ ਫੂਲਕਾ ਨੇ ਕਿਤਾਬ ਦਾ ਹਵਾਲਾ ਦੇ ਕੇ ਦੱਸਿਆ ਕਿ ਰਾਅ ਦੇ ਡਾਇਰੈਕਟਰ (ਆਰ) ਗੈਰੀ ਸਕਸੈਨਾ ਨੇ ਉਸ ਨੂੰ ਕਿਹਾ ਸੀ ਕਿ ਜੇਕਰ ਇੰਦਰਾ ਗਾਂਧੀ 'ਤੇ ਹਮਲਾ ਹੋਇਆ ਤਾਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਵੇਗਾ।

ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਜਾਂਚ ਮੰਗੀ

ਸ੍ਰੀ ਫੂਲਕਾ ਨੇ ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਹੂਬਹੂ ਉਸੇ ਤਰ੍ਹਾਂ ਹੋਇਆ ਜਿਸ ਤਰ੍ਹਾਂ ਦੱਸਿਆ ਗਿਆ ਸੀ ਤੇ ਗੈਰੀ ਸਕਸੈਨਾ ਨੂੰ ਇਸ ਬਾਰੇ ਜਾਣਕਾਰੀ ਸੀ। ਉਨ੍ਹਾਂ ਪੱਤਰ 'ਚ ਲਿਖਿਆ ਕਿ ਹਮਲਾਵਰਾਂ ਨੇ ਪੁਲੀਸ ਦੀ ਮੌਜੂਦਗੀ 'ਚ ਪਹਿਲਾਂ ਗੁਰਦੁਆਰਿਆਂ ਤੇ ਫਿਰ ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਤੇ ਸੂਚੀਆਂ ਰਾਹੀਂ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕੀਤੀ।

ਸਿੱਖਾਂ ਦੇ ਕਾਤਲਾਂ ਨੂੰ ਸਨਮਾਨਿਤ ਕਰ ਰਹੀ ਹੈ ਕਾਂਗਰਸ: ਬਡੂੰਗਰ

ਪਟਿਆਲਾ (ਖੇਤਰੀ ਪ੍ਰਤੀਨਿਧ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਨਵੇਂ ਬਣੇ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਸਹੁੰ ਚੁੱਕ ਸਮਾਗਮ ਵਿੱਚ 1984 ਦੇ ਦਿੱਲੀ ਸਿੱਖ ਕਤਲੇਆਮ ਕੇਸ ਵਿੱਚ ਨਾਮਜ਼ਦ ਜਗਦੀਸ਼ ਟਾਈਟਲਰ ਨੂੰ ਸ਼ਾਮਲ ਕਰਨ ਦੀ ਕਾਰਵਾਈ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਦੇ ਤੁਲ ਹੈ। ਇਸ ਕਾਰਵਾਈ ਨੇ ਸਾਬਿਤ ਕਰ ਦਿੱਤਾ ਹੈ ਕਿ ਕਾਂਗਰਸ ਹਮੇਸ਼ਾ ਹੀ ਸਿੱਖਾਂ ਦੇ ਕਾਤਲਾਂ ਨੂੰ ਮਾਣ-ਸਨਮਾਨ ਦੇ ਕੇ ਨਿਵਾਜਦੀ ਆ ਰਹੀ ਹੈ। ਉਨ੍ਹਾਂ ਕਾਂਗਰਸ 'ਤੇ ਸਿੱਖ ਵਿਰੋਧੀ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅਜਿਹੀ ਹਰਕਤ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸੈਮੀ ਕੰਡਕਟਰ ਲੈਬਾਰਟਰੀ
(ਇਲੈਕਟ੍ਰਾਨਿਕਸ ਤੇ ਸੂਚਨਾ ਟੈਕਨਾਲੋਜੀ ਮੰਤਰਾਲਾ, ਭਾਰਤ ਸਰਕਾਰ)
ਨਿਰਮਾਣ ਅਤੇ ਰੱਖ-ਰਖਾਓ ਮੰਡਲ (ਸੀਐਮਡੀ)
ਸੈਕਟਰ-72, ਐਸ.ਏ.ਐਸ. ਨਗਰ-160071, ਪੰਜਾਬ (ਭਾਰਤ) ਫੋਨ: 0172-2236107, 2296488,
ਵੈੱਬਸਾਈਟ: www.scl.gov.in

ਈ-ਟੈਂਡਰ ਸੱਦਾ ਸੂਚਨਾ

ਐਸਸੀਐਲ ਵੱਲੋਂ ਐਸਸੀਐਲ, ਐਸਏਐਸ ਨਗਰ ਵਿਖੇ ਪਾਰਕਿੰਗ ਖੇਤਰ ਵਿਚ ਪਾਲੀਕਾਰਬੋਨੇਟ ਸ਼ੀਟ, ਐਮਐਸ ਐਂਗਲ ਸੁਪੋਰਟਿੰਗ ਫਰੇਮ ਵਰਕ ਅਤੇ ਸਹਿਯੋਗੀ ਸਿਵਲ ਕੰਮਾਂ ਸਹਿਤ ਫੌਸਿੰਗ ਪ੍ਰਦਾਨ ਕਰਨਾ। **Q. No.** 331/**ਅੰਦਾਜ਼ਨ ਲਾਗਤ:** ਰੁ. 21,07,087/- **ਬਿਆਨਾ ਰਕਮ**- ਰੁ. 42,142/-

ਟੈਂਡਰ ਦਸਤਾਵੇਜ਼ ਡਾਊਨਲੋਡਿੰਗ ਮਿਆਦ	: 01.11.2022 ਤੋਂ 14.11.2022
ਟੈਂਡਰ ਅਪਲੋਡਿੰਗ ਲਈ ਅੰਤਿਮ ਮਿਤੀ ਅਤੇ ਸਮਾਂ	: 19.11.2022, 17.00 ਵਜੇ ਤੀਕ
ਟੈਂਡਰ ਖੋਲ੍ਹਣ ਦੀ ਨਿਰਧਾਰਤ ਮਿਤੀ ਅਤੇ ਸਮਾਂ	: 23.11.2022, 15.00 ਵਜੇ

ਟੈਂਡਰ ਦਸਤਾਵੇਜ਼ ਈ-ਟੈਂਡਰਿੰਗ ਵੈੱਬਸਾਈਟ www.tenderwizard.com/ISRO ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਵਿਸਤ੍ਰਿਤ ਟੈਂਡਰ ਸੱਦਾ ਸੂਚਨਾ ਸਾਡੀ ਵੈੱਬਸਾਈਟ www.scl.gov.in ਅਤੇ www.isro.org 'ਤੇ ਸੁਲੱਭ ਹੈ।

ਜੀਡੀ, ਟੀਐਸਐਸਜੀ।

ਦਫ਼ਤਰ ਨਗਰ ਨਿਗਮ, ਬਠਿੰਡਾ
ਨੇੜੇ ਰੇਲਵੇ ਸਟੇਸ਼ਨ, ਬਠਿੰਡਾ, ਪੰਜਾਬ 151001, ਫੋਨ ਨੰ. 0164-2252812
ਨੰ: 4306 ਈ-ਮੇਲ:- cmcbathinda@gmail.com ਮਿਤੀ: 31.10.2022

ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਨਿਗਮ, ਬਠਿੰਡਾ ਨੂੰ Quality Council of India ਟੀਮ ਵੱਲੋਂ ਸ਼ਹਿਰ ODF++ Recertification ਘੋਸ਼ਿਤ ਕੀਤਾ ਗਿਆ ਸੀ। ਸਵੱਛ ਭਾਰਤ ਮਿਸ਼ਨ ਤਹਿਤ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੁਣ ਬਠਿੰਡਾ ਸ਼ਹਿਰ ਨੂੰ Water Plus ਘੋਸ਼ਿਤ ਕੀਤਾ ਜਾਣਾ ਹੈ। ਇਸ ਸਬੰਧੀ ਨਗਰ ਨਿਗਮ, ਬਠਿੰਡਾ ਨੇ ਆਪਣੇ ਮਤਾ ਨੰਬਰ 139 ਮਿਤੀ 28.09.2022 ਸ਼ਹਿਰ ਨੂੰ Water Plus ਘੋਸ਼ਿਤ ਕਰਨ ਲਈ ਪਾਸ ਕੀਤਾ ਗਿਆ ਹੈ। ਇਸ ਲਈ ਇਸ ਪਬਲਿਕ ਨੋਟਿਸ ਰਾਹੀਂ ਆਮ ਪਬਲਿਕ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਹਿਰ ਨੂੰ Water Plus ਘੋਸ਼ਿਤ ਕਰਨ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼/ਸੁਝਾਅ ਹੋਵੇ ਤਾਂ ਉਹ ਆਪਣਾ ਇਤਰਾਜ਼/ਸੁਝਾਅ ਇਸ਼ਤਿਹਾਰ ਪ੍ਰਕਾਸ਼ਿਤ ਹੋਣ 'ਤੇ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਦਫ਼ਤਰ ਨਗਰ ਨਿਗਮ, ਬਠਿੰਡਾ ਵਿਖੇ ਦੇ ਸਕਦਾ ਹੈ। ਮਿੱਥੀ ਮਿਆਦ ਗੁਜ਼ਰਨ ਉਪਰੰਤ ਪ੍ਰਾਪਤ ਹੋਣ ਵਾਲੇ ਕਿਸੇ ਵੀ ਇਤਰਾਜ਼/ਸੁਝਾਅ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸ਼ਹਿਰ ਨੂੰ Water Plus ਘੋਸ਼ਿਤ ਕਰਨ ਲਈ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/- ਨਿਗਰਾਨ ਇੰਜੀਨੀਅਰ,
ਨਗਰ ਨਿਗਮ, ਬਠਿੰਡਾ।

DPR/Pb/18215

ਸੀਬੀਐੱਸਈ ਵੱਲੋਂ ਸੀਟੈੱਟ ਦੀ ਰਜਿਸਟਰੇਸ਼ਨ ਸ਼ੁਰੂ

ਦਸੰਬਰ ਤੋਂ ਜਨਵਰੀ ਵਿਚਾਲੇ ਹੋਣਗੀਆਂ ਆਨਲਾਈਨ ਪ੍ਰੀਖਿਆਵਾਂ

ਸੁਖਵਿੰਦਰ ਪਾਲ ਸੋਢੀ

ਚੰਡੀਗੜ੍ਹ, 31 ਅਕਤੂਬਰ

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐੱਸਈ) ਵੱਲੋਂ ਲਏ ਜਾਂਦੇ ਕੇਂਦਰੀ ਅਧਿਆਪਕ ਯੋਗਤਾ ਟੈਸਟ (ਸੀਟੈੱਟ) ਦੀ ਰਜਿਸਟਰੇਸ਼ਨ ਅੱਜ ਤੋਂ ਸ਼ੁਰੂ ਹੋ ਗਈ ਹੈ। ਇਸ ਪ੍ਰੀਖਿਆ ਲਈ ਬਿਨੈ ਕਰਨ ਦੀ ਆਖਰੀ ਤਰੀਕ 24 ਨਵੰਬਰ ਹੈ ਅਤੇ 25 ਨਵੰਬਰ ਤੱਕ ਫੀਸ ਭਰੀ ਜਾ ਸਕਦੀ ਹੈ। ਬੋਰਡ ਵੱਲੋਂ ਸੀਟੈੱਟ ਦੀਆਂ ਪ੍ਰੀਖਿਆਵਾਂ ਦਸੰਬਰ ਤੋਂ ਜਨਵਰੀ ਵਿਚਾਲੇ ਕਰਵਾਈਆਂ ਜਾਣਗੀਆਂ। ਆਨਲਾਈ ਹੋਣ ਵਾਲੀ ਇਹ ਪ੍ਰੀਖਿਆ ਦੇਸ਼ ਭਰ ਵਿੱਚ 20 ਭਾਸ਼ਾਵਾਂ 'ਚ ਕਰਵਾਈ ਜਾਵੇਗੀ। ਪ੍ਰੀਖਿਆ ਦੇਣ ਵਾਲੇ ਉਮੀਦਵਾਰ ਸੀਬੀਐੱਸਈ ਦੀ ਵੈੱਬਸਾਈਟ ਸੀਟੈੱਟ ਡਾਟ ਨਿਕ ਡਾਟ ਇਨ (ctet.nic.in) 'ਤੇ ਸਾਰੀ ਜਾਣਕਾਰੀ ਹਾਸਲ ਕਰ ਸਕਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਸੀਬੀਐੱਸਈ ਵੱਲੋਂ ਹਰ ਸਾਲ ਸਕੂਲ ਅਧਿਆਪਕਾਂ ਦੀ ਯੋਗਤਾ ਪ੍ਰੀਖਿਆ ਸੀਟੈੱਟ ਆਫਲਾਈਨ ਕਰਵਾਈ ਜਾਂਦੀ ਹੈ, ਪਰ ਕਰੋਨਾ ਮਹਾਮਾਰੀ ਕਾਰਨ ਕੁਝ ਸਮੇਂ ਇਹ ਪ੍ਰੀਖਿਆ ਨਹੀਂ ਕਰਵਾਈ ਗਈ। ਹੁਣ ਇਹ ਪ੍ਰੀਖਿਆ ਆਨਲਾਈਨ ਕਰਵਾਈ ਜਾਵੇਗੀ। ਇਹ ਵੀ ਪਤਾ ਲੱਗਾ ਹੈ ਕਿ ਬੋਰਡ ਨੇ ਸੀਟੈੱਟ ਦਾ ਸਿਲੇਬਸ ਤੇ ਪੈਟਰਨ ਵੀ ਬਦਲ ਦਿੱਤਾ ਹੈ, ਇਸ ਲਈ ਉਮੀਦਵਾਰਾਂ ਨੂੰ ਇਕ ਪੇਪਰ ਲਈ ਇਕ ਹਜ਼ਾਰ ਰੁਪਏ ਜਦਕਿ ਦੋ ਪੇਪਰ ਦੇਣ ਵਾਲਿਆਂ ਨੂੰ 1200 ਰੁਪਏ ਫੀਸ ਭਰਨੀ ਪਵੇਗੀ ਜਦਕਿ ਐੱਸਸੀ/ਐੱਸਟੀ ਵਰਗ ਦੇ ਉਮੀਦਵਾਰਾਂ ਨੂੰ ਇਕ ਪੇਪਰ ਦੇ 500 ਜਦਕਿ ਦੋ ਪੇਪਰਾਂ ਦੇ 600 ਰੁਪਏ ਦੇਣੇ ਪੈਣਗੇ।

10ਵੀਂ ਤੇ 12ਵੀਂ ਦੀ ਡੇਟਸ਼ੀਟ ਨਵੰਬਰ ਦੇ ਪਹਿਲੇ ਹਫ਼ਤੇ ਹੋ ਸਕਦੀ ਹੈ ਜਾਰੀ

ਸੀਬੀਐੱਸਈ ਨੇ ਸਾਰੇ ਸਕੂਲਾਂ ਤੋਂ ਅਗਲੇ ਸਾਲ 10ਵੀਂ ਤੇ 12ਵੀਂ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੀ ਸੂਚੀ ਹਾਸਲ ਕਰ ਲਈ ਹੈ। ਸੀਬੀਐੱਸਈ ਦੇ ਅਧਿਕਾਰੀ ਨੇ ਦੱਸਿਆ ਕਿ ਬੋਰਡ ਪ੍ਰੀਖਿਆਵਾਂ ਅਗਲੇ ਸਾਲ ਫਰਵਰੀ ਮਹੀਨੇ ਵਿੱਚ ਕਰਵਾਈਆਂ ਜਾਣਗੀਆਂ, ਜਿਸ ਦੀ ਡੇਟਸ਼ੀਟ ਨਵੰਬਰ ਦੇ ਪਹਿਲੇ ਹਫ਼ਤੇ ਕਿਸੇ ਵੀ ਦਿਨ ਜਾਰੀ ਹੋ ਸਕਦੀ ਹੈ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਸੂਬਾ ਸਰਕਾਰ 'ਤੇ ਵਿਤਕਰੇ ਦੇ ਦੋਸ਼

ਆਈਏਐੱਸ ਤੇ ਆਈਪੀਐੱਸ ਅਧਿਕਾਰੀਆਂ ਦੇ ਮੁਕਾਬਲੇ ਹੇਠਲੇ ਪੱਧਰ ਦੇ ਮੁਲਾਜ਼ਮਾਂ ਨੂੰ ਘੱਟ ਡੀਏ ਦੇਣ ਦੀ ਨਿਖੇਧੀ

ਨਿੱਜੀ ਪੱਤਰ ਪ੍ਰੇਰਕ

ਸੰਗਰੂਰ, 31 ਅਕਤੂਬਰ

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਪੰਜਾਬ ਸਰਕਾਰ 'ਤੇ ਆਈਏਐੱਸ ਅਤੇ ਆਈਪੀਐੱਸ ਅਧਿਕਾਰੀਆਂ ਨੂੰ ਗੱਫ਼ੇ ਵੰਡਣ ਅਤੇ ਹੇਠਲੇ ਪੱਧਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਧੱਕਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਫੈਡਰੇਸ਼ਨ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਚੇਅਰਮੈਨ ਰਣਬੀਰ ਢਿੱਲੋਂ, ਕਾਰਜਕਾਰੀ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਨੇ ਅੱਜ ਇੱਥੇ ਕਿਹਾ ਕਿ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਕੱਲ੍ਹ ਸੂਬੇ ਦੇ ਸਮੂਹ ਆਈਏਐੱਸ ਤੇ ਆਈਪੀਐੱਸ ਅਫ਼ਸਰਾਂ ਨੂੰ ਪਹਿਲੀ ਜੁਲਾਈ 2022 ਤੋਂ ਮਹਿੰਗਾਈ ਭੱਤੇ ਦੀ ਕਿਸ਼ਤ 38 ਫੀਸਦ ਦੀ ਦਰ ਨਾਲ ਦੇਣ ਅਤੇ ਪਹਿਲੀ ਜੁਲਾਈ ਤੋਂ 30 ਸਤੰਬਰ ਤੱਕ ਦਾ ਬਣਦਾ ਬਕਾਇਆ ਦੇਣ ਦਾ ਫ਼ੈਸਲਾ ਲਿਆ ਗਿਆ ਹੈ, ਜਦਕਿ ਦੂਜੇ ਪਾਸੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ 21 ਅਕਤੂਬਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਉੱਚ ਪੱਧਰੀ ਅਫ਼ਸਰਸ਼ਾਹੀ ਤੋਂ ਘੱਟ 4 ਫੀਸਦ ਡੀਏ ਦੇਣ ਅਤੇ ਪਿਛਲੇ ਬਕਾਏ ਬਾਰੇ ਫ਼ੈਸਲਾ ਬਾਅਦ ਵਿੱਚ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ। ਆਗੂਆਂ ਨੇ ਸੂਬਾ ਸਰਕਾਰ 'ਤੇ ਲੱਖਾਂ ਦੀ ਗਿਣਤੀ ਵਿੱਚ ਕੰਮ ਕਰਦੇ ਹੇਠਲੇ ਪੱਧਰ ਦੇ ਮੁਲਾਜ਼ਮਾਂ ਨਾਲ ਧੱਕਾ ਕਰਨ ਦਾ ਦੋਸ਼ ਲਾਇਆ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੇਂਦਰੀ ਪੈਟਰਨ ਅਨੁਸਾਰ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਪਹਿਲੀ ਜੁਲਾਈ 2022 ਤੋਂ 38 ਫੀਸਦ ਦੀ ਦਰ ਨਾਲ ਡੀਏ ਅਤੇ 31 ਤੇ 34 ਫੀਸਦ ਦੀ ਦਰ ਨਾਲ ਬਣਦੇ ਬਕਾਏ ਸਮੇਤ ਡੀਏ ਜਾਰੀ ਕੀਤੇ ਜਾਣ।

ਕਰਜ਼ਾ ਵਸੂਲੀ ਟ੍ਰਿਬਿਊਨਲ-I, ਚੰਡੀਗੜ੍ਹ
ਐਸ.ਸੀ.ਓ. 33-34-35, ਦੂਸਰੀ ਮੰਜ਼ਿਲ, ਸੈਕਟਰ-17-ਏ, ਚੰਡੀਗੜ੍ਹ

(ਅਧਿਕਾਰਤ ਖੇਤਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਜ਼ਿਲ੍ਹੇ (ਏ ਤੋਂ ਜੇ)
ਡਿਫਾਲਟਰ/ਸਰਟੀਫਿਕੇਟ ਡੈਬਟਰ ਲਈ ਡਿਮਾਂਡ ਨੋਟਿਸ (ਆਮਦਨ ਕਰ ਐਕਟ, 1961 ਦੀ ਦੂਜੀ ਸੂਚੀ ਦੇ ਰੂਲ 2 ਨਾਲ ਪੜ੍ਹੀ ਜਾਣ ਵਾਲੀ ਆਰ.ਡੀ.ਡੀ.ਬੀ.ਐਫ.ਆਈ. ਐਕਟ, 1993 ਦੀ ਦਫਾ 25 ਤੋਂ 29 ਵੇਖੋ)
(ਪ੍ਰਕਾਸ਼ਨ ਸੂਚਨਾ)
ਆਰਸੀ ਨੰ. 2016/2019
ਬੀਓਆਈ ਬਨਾਮ ਮੈ. ਜੀਕੇ ਅਪੇਅਰਲਜ਼

(ਸੀਡੀ-1) ਮੈ. ਜੀਕੇ ਅਪੇਅਰਲਜ਼ 14, ਲੈਦਰ ਕੰਪਲੈਕਸ, ਜਲੰਧਰ ਮਾਰਫਤ ਇਸ ਦੇ ਇਕੋ-ਇਕ ਪ੍ਰਾਪਰਾਈਟਰ ਰਣਬੀਰ ਸਿੰਘ ਪੁੱਤਰ ਸ੍ਰੀ ਅਮਰੀਕ ਸਿੰਘ, ਨਿਵਾਸੀ 122, ਆਦਰਸ਼ ਨਗਰ, ਜਲੰਧਰ।
(ਸੀਡੀ-2) ਰਣਬੀਰ ਸਿੰਘ ਪੁੱਤਰ ਸ੍ਰੀ ਅਮਰੀਕ ਸਿੰਘ, ਨਿਵਾਸੀ 122, ਆਦਰਸ਼ ਨਗਰ, ਜ